**Class : 10 ( Secondary)** **Code – 0037**

**Series : Sec/………………...** **Exam. 2026**

| **Roll No.** | | | | | | | | | | | **SET : A** |
|---|---|---|---|---|---|---|---|---|---|---|---|

# ਪੰਜਾਬੀ

**( PUNJABI )**
**( Open School )**

**ਸਮਾਂ : 3 ਘੰਟੇ** **ਕੁੱਲ ਨੰ. 80**

**ਪ੍ਰਸ਼ਨ-ਪੱਤਰ ਹੱਲ ਕਰਨ ਤੋਂ ਪਹਿਲਾਂ ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਪਾਲਣਾ ਕਰੋ :**

1 ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਚੋਣ ਨੂੰ ਧਿਆਨ ਵਿੱਚ ਰੱਖ ਕੇ ਪ੍ਰਸ਼ਨ ਨੂੰ ਹੱਲ ਕੀਤਾ ਜਾਵੇ।

2 ਕਿਰਪਾ ਜਾਂਚ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ ਕੁੱਲ 15 ਪ੍ਰਸ਼ਨ ਛਪੇ ਹਨ।

3 ਬਹੁ-ਵਿਕਲਪੀ ਪ੍ਰਸ਼ਨ ਦਾ ਉੱਤਰ ਜ਼ਰੂਰ ਲਿਖਿਆ ਜਾਵੇ ( ਨੰਬਰ ਜਾਂ ਚਿੰਨ੍ਹ ਸੰਤੋਸ਼ ਜਨਕ ਨਹੀਂ ਹੋਵੇਗਾ।)

**1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :** (2+2+2+1)= 7

ਸੰਪਾਦਨਾ ਕਰਨਾ ਕੋਈ ਸੌਖਾ ਕੰਮ ਨਹੀਂ। ਸੰਪਾਦਨਾ ਕਰਨ ਵਾਸਤੇ ਨਿਆਇਕ ਅਤੇ ਸਾਹਿਤ ਵਿਗਿਆਨ ਦਾ ਗਿਆਨ ਹੋਣਾ ਜ਼ਰੂਰੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਡੀ ਪ੍ਰਾਪਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸੀ। ਸਾਰੇ ਗੁਰੂ ਸਾਹਿਬਾਨਾਂ ਵਿੱਚੋਂ ਪੰਜਵੇਂ ਗੁਰੂ ਜੀ ਹੀ ਸਨ ਜਿਨ੍ਹਾਂ ਨੇ ਸਭ ਤੋਂ ਵੱਧ ਬਾਣੀ ਰਚੀ ਅਤੇ ਜਿਹੜੇ ਕਿ ਸੰਸਾਰ ਦੇ ਪਹਿਲੇ ਸੰਪਾਦਕ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਜਿਸ ਤਰੀਕੇ ਨਾਲ ਕੀਤੀ ਗਈ ਹੈ, ਉਸ ਨੂੰ ਦੇਖਦੇ ਹੋਏ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਕਿੰਨੀ ਵਿਗਿਆਨਕ ਸੰਪਾਦਨ ਵਿਧੀ ਦੀ ਵਰਤੋਂ ਕੀਤੀ।

i ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਡੀ ਪ੍ਰਾਪਤੀ ਕੀ ਸੀ ?

ii ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ-ਵਿਧੀ ਕਿਹੋ-ਜਿਹੀ ਹੈ ?

iii ਸ੍ਰੀ ਗੁਰੂ ਅਰਜਨ ਦੇਵ ਜੀ ਕਿੰਨਵੇਂ ਗੁਰੂ ਸਨ ?

iv ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

**2. ਹੇਠ ਲਿਖੇ ਕਾਵਿ-ਬੰਦ ਨੂੰ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :** (1+1+1)= 3

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚੱਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

i ਕਾਵਿ-ਬੰਦ ਵਿਚਲੇ ਸ਼ਬਦ 'ਭੰਡਿ' ਦਾ ਕੀ ਭਾਵ ਹੈ ?

ii ਕਾਵਿ-ਬੰਦ ਵਿੱਚ ਔਰਤ ਦੀ ਕੀ ਮਹੱਤਤਾ ਹੈ ?

iii ਕਾਵਿ-ਬੰਦ ਅਨੁਸਾਰ ਔਰਤ ਨੂੰ ਮੰਦਾ ਕਿਉਂ ਨਹੀਂ ਬੋਲਣਾ ਚਾਹੀਦਾ ?

**3. ਹੇਠ ਲਿਖੇ ਸਮਾਸੀ ਸ਼ਬਦਾਂ ਵਿੱਚੋਂ ਸਹੀ ਵਿਕਲਪ ਚੁਣ ਕੇ ਉੱਤਰ ਦਿਓ।** **1 X 3 = 3**

i ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਮੇਲ ਨਾਲ ਬਣੇ ਸਾਰਥਕ ਸ਼ਬਦ ਨੂੰ ਕੀ ਕਹਿੰਦੇ ਹਨ ?

(ੳ) ਬਹੁ-ਆਰਥਿਕ ਸ਼ਬਦ (ਅ) ਸਮਾਸੀ ਸ਼ਬਦ

(ੲ) ਵਿਰੋਧਾਤਮਿਕ ਸ਼ਬਦ (ਸ) ਉਤਪੰਨ ਸ਼ਬਦ

ii ਖ਼ੁਸ਼ ਅਤੇ ਨਸੀਬ ਲਈ ਕਿਹੜਾ ਸਮਾਸੀ ਸ਼ਬਦ ਢੁਕਵਾਂ ਹੈ।

(ੳ) ਖ਼ੁਸ਼-ਨਸੀਬ (ਅ) ਖ਼ੁਸ਼ਨਸੀਬ

(ੲ) ਖ਼ੁਸ਼ੀ ਭਰਿਆ ਨਸੀਬ (ਸ) ਖ਼ੁਸ਼ੀ ਵਾਲਾ ਨਸੀਬ

ii ਸਿਰ ਵਿੱਚ ਹੋਣ ਵਾਲੀ ਪੀੜ ਨੂੰ ਸਮਾਸੀ ਸ਼ਬਦ ਵਿੱਚ ਕੀ ਕਹਾਂਗੇ ?

(ੳ) ਸਿਰ-ਦਰਦ (ਅ) ਸਿਰ-ਪੀੜ

(ੲ) ਦਰਦ-ਸਿਰ (ਸ) ਦਰਦੋਂ- ਦਰਦ

**4. ਹੇਠ ਲਿਖੇ ਵਾਕਾਂ ਦੇ ਬਹੁ-ਅਰਥਕ ਸ਼ਬਦਾਂ ਦੇ ਆਧਾਰ ਤੇ ਸਹੀ ਵਿਕਲਪ ਚੁਣ ਕੇ ਉੱਤਰ ਦਿਓ।** **1 X 3 = 3**

i ਲੱਸੀ ਬਹੁਤ ਖੱਟੀ ਹੈ, ਇਸ ਨੇ ਮੈਨੂੰ ਕੋਈ ਖੱਟੀ ਨਹੀਂ ਦੇਣੀ, ਇਸ ਨੂੰ ਖੱਟੀ ਚੁੰਨੀ ਨਾਲ ਢੱਕ ਦਿਓ।

(ੳ) ਲੱਸੀ (ਅ) ਚੁੰਨੀ

(ੲ) ਖੱਟੀ (ਸ) ਮਿੱਠੀ

ii 'ਸਰ' ਸ਼ਬਦ ਦਾ ਕਿਹੜਾ ਵਿਕਲਪ ਬਹੁ-ਅਰਥਕ ਨਹੀਂ ਹੈ।

(ੳ) ਖ਼ਿਤਾਬ ਜਿੱਤਣਾ (ਅ) ਅੰਕ ਹਾਸਲ ਕਰਨਾ

(ੲ) ਫ਼ਤਿਹ ਕਰਨਾ (ਸ) ਕੰਮ ਦਾ ਹੱਲ ਹੋ ਜਾਣਾ

Iii ਜਦੋਂ ਮੇਰੇ ਤੋਂ ਪੀੜ ਸਹੀ ਨਾਂ ਗਈ ਤਾਂ ਮੈਨੂੰ ਟੀਕਾ ਲਵਾਉਣਾ ਠੀਕ ਲੱਗਾ ਤਾਂ ਮੈਂ ਡਾਕਟਰ ਦੇ ਫਾਰਮ ਤੇ ਦਸਖ਼ਤ ਕਰ ਦਿੱਤੇ।

(ੳ) ਸਹੀ,ਠੀਕ, ਦਸਖ਼ਤ (ਅ) ਪੀੜ, ਟੀਕਾ, ਡਾਕਟਰ

(ੲ) ਮੇਰੇ, ਮੈਂ, ਮੇਰਾ (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

**5. ਹੇਠ ਲਿਖੇ ਕਿਰਿਆ-ਵਿਸ਼ੇਸ਼ਣ ਦੇ ਪ੍ਰਸ਼ਨਾਂ ਵਿੱਚੋਂ ਸਹੀ ਵਿਕਲਪ ਚੁਣ ਕੇ ਉੱਤਰ ਦਿਓ।** **1 X 3 = 3**

i ਕਿਰਿਆ-ਵਿਸ਼ੇਸ਼ਣ ਕਿੰਨੇ ਪ੍ਰਕਾਰ ਦੇ ਹੁੰਦੇ ਹਨ ?

(ੳ) ਪੰਜ (ਅ) ਛੇ

(ੲ) ਸੱਤ (ਸ) ਅੱਠ

ii 'ਮੈਂ ਕੱਲ੍ਹ ਦਿੱਲੀ ਗਿਆ ਸੀ' ਵਾਕ ਵਿੱਚ 'ਕੱਲ੍ਹ' ਸ਼ਬਦ ਦਾ ਕਿਰਿਆ-ਵਿਸ਼ੇਸ਼ਣ ਦੱਸੋ।

(ੳ) ਕਾਲ ਵਾਚਕ (ਅ) ਸਥਾਨ ਵਾਚਕ

(ੲ) ਕਾਰਨ ਵਾਚਕ (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

iii ਸਥਾਨ ਵਾਚਕ ਕਿਰਿਆ ਵਿਸ਼ੇਸ਼ਣ ਚੁਣੋ।

(ੳ) ਅੱਜ/ ਕੱਲ੍ਹ / ਪਰਸੋਂ (ਅ) ਠੀਕ / ਵੀ / ਆਹੋ

(ੲ) ਇੱਥੇ / ਉੱਥੇ / ਉਰੇ / ਪਰੇ (ਸ) ਘੜੀ-ਮੁੜੀ / ਦੁਬਾਰਾ / ਕਈ ਵਾਰ

6. 'ਮਨ' ਅਗੇਤਰ ਤੋਂ ਇੱਕ ਸ਼ਬਦ ਬਣਾਓ। **1+1 = 2**

'ਦਾਰੀ' ਪਿਛੇਤਰ ਤੋਂ ਇੱਕ ਸ਼ਬਦ ਬਣਾਓ।

7. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੋਈ ਚਾਰ ਮੁਹਾਵਰੇ ਅਰਥ ਸਹਿਤ ਸਪਸ਼ੱਟ ਕਰੋ। 1 X 4 = 4

i ਉਂਗਲੀ ਕਰਨੀ ii ਇੱਕ ਮੁੱਠ ਹੋਣਾ iii ਹੱਥ-ਪੈਰ ਮਾਰਨੇ

iv ਖੇਹ ਉਡਾਉਣੀ v ਘੋੜੇ ਵੇਚ ਕੇ ਸੌਣਾ vi ਗੱਦ-ਗੱਦ ਹੋਣਾ

8. ਹੇਠ ਲਿਖੇ ਵਿਸ਼ਿਆਂ ਵਿੱਚੋਂ ਇੱਕ ਵਿਸ਼ੇ ਉੱਤੇ ਦਿੱਤੇ ਗਏ ਨੁਕਤਿਆਂ ਦੇ ਆਧਾਰ 'ਤੇ 150-200 ਸ਼ਬਦਾਂ ਵਿੱਚ ਲੇਖ ਲਿਖੋ। 5

i ਗੁਰੂ ਨਾਨਕ ਦੇਵ ਜੀ,

ਨੁਕਤੇ :- ਜਨਮ, ਮਾਤਾ ਪਿਤਾ ਦੀ ਪਹਿਚਾਣ, ਸਿੱਖਿਆ, ਕਰਾਮਾਤਾਂ, ਬਾਣੀ ਰਚਨਾ, ਖੇਤੀ ਕਰਨਾ, ਜੋਤੀ-ਜੋਤ ਸਮਾਉਣਾ।

ii ਵਿਸਾਖੀ ਦਾ ਮੇਲਾ,

ਨੁਕਤੇ :- ਸਾਡਾ ਦੇਸ਼ ਮੇਲਿਆਂ ਦਾ ਦੇਸ਼, ਗੱਭਰੂ, ਮੁਟਿਆਰਾਂ ਦਾ ਪ੍ਰਭਾਵ, ਲਾਲਾ ਧਨੀ ਰਾਮ ਚਾਤ੍ਰਿਕ ਦਾ ਗੀਤ, ਧਾਰਮਿਕ ਅਤੇ ਇਤਿਹਾਸਿਕ ਕਾਰਨ,

iii ਵੱਧ ਰਹੀ ਮਹਿੰਗਾਈ

ਨੁਕਤੇ :- ਮਹਿੰਗਾਈ ਦਾ ਭਾਵ, ਕੀਮਤਾਂ ਦੀ ਚੜ੍ਹਤ, ਭਾਰਤ ਦੀ ਸਥਿਤੀ, ਰਾਜਨੀਤਿਕ ਪ੍ਰਭਾਵ, ਭ੍ਰਿਸ਼ਟਾਚਾਰ, ਕੀਮਤਾਂ ਵਧਣ ਦਾ ਕਾਰਨ,

9. ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ। 5

i ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਦਸਵੀਂ ਜਮਾਤ ਵਿੱਚ ਪੰਜਾਬੀ ਵਿਸ਼ਾ ਦਿੱਤੇ ਜਾਣ ਲਈ ਬੇਨਤੀ ਪੱਤਰ ਲਿਖੋ।

ਨੁਕਤੇ :- ਸਤਿਕਾਰ ਭਰੇ ਸ਼ਬਦ, ਵਿਸ਼ਾ, ਆਪਣੀ ਪਹਿਚਾਣ ਦੱਸਣਾ, ਵਿਸ਼ਾ ਲੈਣ ਦਾ ਕਾਰਨ ਦੱਸਣਾ, ਬੇਨਤੀ ਕਰਨਾ, ਧੰਨਵਾਦ ਕਰਨਾ

ii ਤੁਹਾਡਾ ਛੋਟਾ ਭਰਾ ਮੋਬਾਇਲ ਤੇ ਰੀਲਾਂ ਬਹੁਤ ਦੇਖਦਾ ਹੈ। ਉਸ ਨੂੰ ਇਕ ਚਿੱਠੀ ਰਾਹੀਂ ਪੜ੍ਹਾਈ ਕਰਨ ਦੀ ਪ੍ਰੇਰਨਾ ਦਿਓ।

ਨੁਕਤੇ :- ਆਵਦਾ ਪਤਾ ਲਿਖਣਾ, ਭਰਾ ਨੂੰ ਸੰਬੋਧਨ, ਮਾਂ ਦੇ ਪੱਤਰ ਦਾ ਜ਼ਿਕਰ ਕਰਨਾ, ਮੋਬਾਇਲ ਦਿਆਂ ਹਾਨੀਆਂ ਦੱਸਣਾ, ਭਵਿੱਖ ਸੁਧਾਰਨ ਲਈ ਕਹਿਣਾ, ਪੜ੍ਹਨ ਲਈ ਪ੍ਰੇਰਿਤ ਕਰਨਾ, ਸ਼ੁਭ ਇੱਛਾਵਾਂ ਦੇਣੀਆਂ।

10. ਹੇਠ ਦਿੱਤੇ ਗਏ ਚਿੱਤਰ ਦਾ 50 ਸ਼ਬਦਾਂ ਵਿੱਚ ਵਰਣਨ ਕਰੋ। 5



11. **ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਵਿਕਲਪ ਚੁਣ ਕੇ ਉੱਤਰ ਦਿਓ।** 1 X 8 = 8

i 'ਕਿਰਪਾ ਕਰਿ ਕੈ ਬਖਸਿ਼ ਲੈਹੁ' ਸਲੋਕ ਅਨੁਸਾਰ ਕਿੰਨਾ ਦਾ ਅੰਤ ਨਹੀਂ ਹੈ ?

(ੳ) ਦੁੱਖਾਂ ਦਾ (ਅ) ਭੁੱਲਾਂ ਦਾ

(ੲ) ਪਾਪਾਂ ਦਾ (ਸ) ਪੁੰਨਾਂ ਦਾ

ii ਸਿੱਖ ਫ਼ੌਜਾਂ ਨਾਲ਼ ਗ਼ੱਦਾਰੀ ਕਿਸ ਨੇ ਕੀਤੀ ?

(ੳ) ਤੇਜਾ ਸਿੰਘ ਨੇ (ਅ) ਜੱਥੇਦਾਰ ਨੇ

(ੲ) ਜੰਗ ਸਿੰਘ ਨੇ (ਸ) ਚੜ੍ਹਤ ਸਿੰਘ ਨੇ

iii ਮਨੁੱਖੀ ਅਮੀਰੀ ਦਾ ਮੇਚਾ ਅਸੀਂ ਕਿੱਥੋਂ ਲੈਂਦੇ ਹਾਂ ?

(ੳ) ਸੱਭਿਆਚਾਰ ਤੋਂ (ਅ) ਸੁੱਖਾਂ ਤੋਂ

(ੲ) ਬੋਲੀ ਤੋਂ (ਸ) ਘਰਾਂ ਤੋਂ

iv ਧਾੜਵੀ ਕੈਦੀ ਨੂੰ ਕਿੱਥੇ ਕੈਦ ਕੀਤਾ ਗਿਆ ਸੀ ?

(ੳ) ਰੁਹਤਾਸ ਦੇ ਕਿਲ੍ਹੇ ਵਿੱਚ (ਅ) ਗਵਾਲੀਅਰ ਦੇ ਕਿਲ੍ਹੇ ਵਿੱਚ

(ੲ) ਮੇਵਾੜ ਦੇ ਕਿਲ੍ਹੇ ਵਿੱਚ (ਸ) ਲਾਲ ਕਿਲ੍ਹੇ ਵਿੱਚ

v 'ਕੁਲਫ਼ੀ' ਕਹਾਣੀ ਦੀ ਘਟਨਾ ਕਿਹੜੇ ਮਹੀਨੇ ਵਿੱਚ ਵਾਪਰਦੀ ਹੈ ?

(ੳ) ਜੂਨ ਵਿੱਚ (ਅ) ਜੁਲਾਈ ਵਿੱਚ

(ੲ) ਅਗਸਤ ਵਿੱਚ (ਸ) ਸਤੰਬਰ ਵਿੱਚ

vi 'ਅੰਗ-ਸੰਗ' ਕਹਾਣੀ ਦੇ ਮੁੱਖ ਪਾਤਰ ਦਾ ਨਾਂ ਦੱਸੋ।

(ੳ) ਮਹਿੰਦਰ (ਅ) ਕਰਤਾਰ ਸਿੰਘ

(ੲ) ਅਮਰੀਕ ਸਿੰਘ (ਸ) ਬੰਸੋ

vii 'ਜ਼ਫ਼ਰਨਾਮਾ' ਇਕਾਂਗੀ ਦਾ ਇਕਾਂਗੀਕਾਰ (ਲੇਖਕ) ਕੌਣ ਹੈ ?

(ੳ) ਬਲਵੰਤ ਗਾਰਗੀ (ਅ) ਡਾ. ਹਰਚਰਨ ਸਿੰਘ

(ੲ) ਸੰਤ ਸਿੰਘ ਸੇਖੋਂ (ਸ) ਪਾਲੀ ਭੁਪਿੰਦਰ ਸਿੰਘ

viii 'ਦੂਜਾ ਵਿਆਹ' ਇਕਾਂਗੀ ਦੀਆਂ ਘਟਨਾਵਾਂ ਕਿੱਥੇ ਵਾਪਰਦੀਆਂ ਹਨ ?

(ੳ) ਪਿੰਡ ਦੇ ਇਕ ਘਰ ਵਿੱਚ (ਅ) ਸ਼ਹਿਰ ਦੇ ਇਕ ਘਰ ਵਿੱਚ

(ੲ) ਚਿੜਿਆ ਘਰ ਵਿੱਚ (ਸ) ਧਰਮਸ਼ਾਲਾ ਵਿੱਚ

12. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ।** 1 X 4 = 4

i 'ਸੋ ਕਿਉਂ ਮੰਦਾ ਆਖੀਐ' ਸ਼ਬਦ ਕਿਹੜੀ ਬਾਣੀ ਵਿੱਚੋਂ ਲਿਆ ਗਿਆ ਹੈ ?

ii ਲੇਖਕ ਦੇ ਦਾਦੇ ਹੋਣੀ ਕਿੰਨੇ ਭਰਾ ਸਨ ? ( ਮੇਰੇ ਵੱਡੇ-ਵਡੇਰੇ ਪਾਠ ਦੇ ਆਧਾਰ 'ਤੇ ਦੱਸੋ।)

iii 'ਧਰਤੀ ਹੇਠਲਾ ਬਲਦ' ਕਿਸ ਕਹਾਣੀਕਾਰ ਦੀ ਰਚਨਾ ਹੈ ?

iv 'ਜ਼ਫ਼ਰਨਾਮਾ' ਇਕਾਂਗੀ ਦੇ ਕੁੱਲ ਕਿੰਨੇ ਪਾਤਰ ਹਨ ?

13. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ ।** 2 X 8 = 16

i ‘ਸੋ ਕਿਉਂ ਮੰਦਾ ਆਖੀਐ’ ਸਲੋਕ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

ii ‘ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ’ ਬਾਣੀ ਦਾ ਕੀ ਭਾਵ ਹੈ ?

iii ‘ਘਰ ਦਾ ਪਿਆਰ’ ਲੇਖ ਅਨੁਸਾਰ ਘਰ ਤੋਂ ਕੀ ਭਾਵ ਹੈ ?

iv ਕੈਦੀ ਨੇ ਆਪਣੀ ਰਿਹਾਈ ਸਮੇਂ ਮਹਾਰਾਜਾ ਰਣਜੀਤ ਸਿੰਘ ਨੂੰ ਕੀ ਕਿਹਾ? (ਪ੍ਰਾਰਥਨਾ ਪਾਠ ਦੇ ਆਧਾਰ 'ਤੇ ਦੱਸੋ ।)

v ਕਾਕਾ ਸੁਪਨੇ ਵਿੱਚ ਕਿਉਂ ਬੁੜਬੁੜਾ ਰਿਹਾ ਸੀ ? (ਕੁਲਫ਼ੀ ਕਹਾਣੀ ਦੇ ਆਧਾਰ 'ਤੇ ਦੱਸੋ ।)

vi ‘ਅੰਗ-ਸੰਗ’ ਕਹਾਣੀ ਦਾ ਮੁੱਖ ਉਦੇਸ਼ ਸਪਸ਼ੱਟ ਕਰੋ ।

vii ‘ਜ਼ਫ਼ਰਨਾਮਾ’ ਪੜ੍ਹ ਕੇ ਔਰੰਗਜ਼ੇਬ ਦੀ ਦਸ਼ਾ ਕਿਸ ਤਰ੍ਹਾਂ ਦੀ ਹੋ ਗਈ ?

viii ‘ਦੂਜਾ ਵਿਆਹ’ ਇਕਾਂਗੀ ਵਿੱਚ ਇਸਤਰੀ ਸਭਾ ਦੀ ਕੀ ਭੂਮਿਕਾ ਦਰਸ਼ਾਈ ਗਈ ਹੈ ।

14. **ਹੇਠ ਦਿੱਤੀਆਂ ਕਾਵਿ ਸਤਰਾਂ ਵਿੱਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ ।** (1+2) =3

ਅਸੀਂ ਖਤੇ ਬਹੁਤ ਕਮਾਵਦੇ ਅੰਤ ਨ ਪਾਰਾਵਾਰ ।
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰ ।।

ਜਾਂ

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜੇੜ੍ਹੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੀ

15. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ ।** 3 X 3 = 9

i ' ਬੋਲੀ ' ਲੇਖ ਦਾ ਸੰਖੇਪ ਸਾਰ ਲਿਖੋ ।

ਜਾਂ

‘ਤੁਰਨ ਦਾ ਹੁਨਰ’ ਲੇਖ ਅਨੁਸਾਰ ਤੁਰਨ ਦੇ ਕੀ-ਕੀ ਲਾਭ ਦੱਸੇ ਹਨ ?

ii ‘ਕੁਲਫ਼ੀ ’ ਵਾਲੇ ਦਾ ਹੋਕਾ ਸੁਣ ਕੇ ਲੇਖਕ ਕੀ ਸੋਚਦਾ ਹੈ ?

ਜਾਂ

ਮਾਨ ਸਿੰਘ ਨੇ ਕਰਮ ਸਿੰਘ ਨੂੰ ਧਰਤੀ ਹੇਠਲਾ ਬਲਦ ਕਿਉਂ ਕਿਹਾ ਹੈ ?

iii ‘ਜ਼ੀਨਤ-ਉਨ- ਨਿਸ਼ਾ’ ਦਾ ਚਰਿੱਤਰ ਚਿਤਰਨ ਕਰੋ ।

ਜਾਂ

‘ਨਿਹਾਲ ਕੌਰ’ ਦਾ ਚਰਿੱਤਰ ਚਿਤਰਨ ਕਰੋ ।



